BRAMPTON Flower City brampton.ca

media release

19 ਸਤੰਬਰ, 2018

# ਬ੍ਰੈਂਪਟਨ ਵਿੱਚ ਕਲਚਰ ਡੇਜ਼ ਦਾ ਜਸ਼ਨ ਮਨਾਓ

ਬ੍ਰੈਂਪਟਨ, ਓਨਟੈਰੀਓ – ਕਲਚਰ ਡੇਜ਼ (Culture Days) ਦੇ ਮੌਕੇ 'ਤੇ, 28-30 ਸਤੰਬਰ ਨੂੰ ਬ੍ਰੈਂਪਟਨ ਵਿੱਚ ਰਚਨਾਤਮਕਤਾ ਦਿਖਾਓ, ਸਥਾਨਕ ਕਲਾਕਾਰਾਂ ਨੂੰ ਮਿਲੋ, ਅਤੇ ਕਲਾ ਅਤੇ ਸੱਭਿਆਚਾਰ ਬਾਰੇ ਜਾਣੋ। ਸਿਟੀ ਆਫ ਬ੍ਰੈਂਪਟਨ (City of Brampton), ਬ੍ਰੈਂਪਟਨ ਲਾਇਬ੍ਰੇਰੀ (Brampton Library), ਪੀ.ਏ.ਐਮ.ਏ. (PAMA), ਅਤੇ ਰਚਨਾਤਮਕ ਭਾਈਚਾਰਾ ਸਿਟੀ ਦੇ ਜੋਸ਼ੀਲੇ ਅਤੇ ਵੰਨ-ਸੁਵੰਨੇ ਸੱਭਿਆਚਾਰਕ ਭਾਈਚਾਰੇ ਦਾ ਜਸ਼ਨ ਮਨਾਉਣ ਲਈ ਕਈ ਤਰ੍ਹਾਂ ਦੇ ਮੁਫ਼ਤ ਜਨਤਕ ਕਾਰਜਕਰਮਾਂ, ਪੇਸ਼ਕਾਰੀਆਂ ਅਤੇ ਵਰਕਸ਼ਾਪਾਂ ਦਾ ਆਯੋਜਨ ਕਰਨਗੇ।

ਪੂਰੇ ਸ਼ਹਿਰ ਦੇ ਵੱਖ-ਵੱਖ ਸਥਾਨਾਂ ਵਿਖੇ ਸੰਗੀਤ, ਡਾਂਸ, ਕਵਿਤਾ, ਵਿਜੁਅਲ ਆਰਟ, ਸੱਭਿਆਚਾਰਕ ਪ੍ਰਦਰਸ਼ਨਾਂ ਦਾ ਅਨੁਭਵ ਲਵੋ। ਨਿਵਾਸੀਆਂ ਨੂੰ ਸਥਾਨਕ ਕਲਾਕਾਰਾਂ ਨਾਲ ਜੁੜਨ ਅਤੇ ਪੂਰੇ ਪਰਿਵਾਰ ਲਈ ਵਿਵਹਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਪੂਰੀ ਕਾਰਜਕਰਮ ਸੂਚੀ ਲਈ brampton.ca/culturedays 'ਤੇ ਜਾਓ।

ਇਸ ਸਾਲ ਕਲਚਰ ਡੇਜ਼ ਦੇ ਹਿੱਸੇ ਵਜੋਂ, ਬ੍ਰੈਂਪਟਨ ਅਲਡਰਲੀ (Alderlea) ਦੀ 150ਵੀਂ ਵਰ੍ਹੇਗੰਢ ਦੇ ਸਨਮਾਨ ਵਿੱਚ ਪਿਛਲੇ ਸਾਲ ਨਿਯੁਕਤ, ਇੱਕ ਨਵੀਂ ਸਥਾਨਕ ਕਲਾ ਇੰਸਟਾਲੇਸ਼ਨ ਦਾ ਉਦਘਾਟਨ ਕਰੇਗਾ। ਕਲਾਕਾਰ ਟਿਮ ਡੇਸਕਲਾਉਡਸ (Tim desClouds) ਨੇ ਧਾਤੂ ਦੇ ਬੈਂਚ ਦੇ ਰੂਪ ਵਿੱਚ ਇੱਕ ਮੂਰਤੀ ਬਣਾਈ ਹੈ, ਜਿਸਦਾ ਨਾਮ *ਫਾਰ ਦ ਲਵ ਆਫ ਅ ਹਾਊਸ (For the Love of a House)* ਹੈ, ਜੋ ਇਤਿਹਾਸਿਕ ਹਵੇਲੀ ਦੇ ਤਲ 'ਤੇ ਸਥਿਤ ਹੋਵੇਗੀ। ਕਲਾਕਾਰ 29 ਸਤੰਬਰ ਨੂੰ ਸਵੇਰੇ 11 ਵਜੇ ਅਧਿਕਾਰਤ ਉਦਘਾਟਨ ਲਈ ਮੌਜੂਦ ਹੋਵੇਗਾ।

**ਹਵਾਲਾ**

"ਕਲਚਰ ਡੇਜ਼ ਅਸਧਾਰਨ ਪ੍ਰਤਿਭਾ ਅਤੇ ਰਚਨਾਤਮਕਤਾ ਨੂੰ ਜਨਤਕ ਰੂਪ ਨਾਲ ਦਿਖਾਉਣ ਦਾ ਵਧੀਆ ਮੌਕਾ ਹੈ, ਜੋ ਬ੍ਰੈਂਪਟਨ ਵਿੱਚ ਪ੍ਰਫੁੱਲਤ ਹੁੰਦੀ ਹੈ। ਮੈਂ ਹਰੇਕ ਨੂੰ ਇਹਨਾਂ ਮਜ਼ੇਦਾਰ, ਮੁਫ਼ਤ ਗਤੀਵਿਧੀਆਂ ਵਿੱਚ ਹਿੱਸਾ ਲੈਣ, ਸਾਡੇ ਸਥਾਨਕ ਕਲਾਕਾਰਾਂ, ਲੇਖਕਾਂ ਅਤੇ ਸੰਗੀਤਕਾਰਾਂ ਬਾਰੇ ਹੋਰ ਜਾਣਨ, ਅਤੇ ਤੁਹਾਡੀ ਖੁਦ ਦੀ ਰਚਨਾਤਮਕਤਾ ਨੂੰ ਖੋਜਣ ਲਈ ਉਤਸ਼ਾਹਿਤ ਕਰਦੀ ਹਾਂ।"

- *ਮੇਅਰ ਲਿੰਡਾ ਜੈਫਰੀ (Linda Jeffrey)*

**ਕਲਚਰ ਡੇਜ਼ ਬਾਰੇ**

ਕਲਚਰ ਡੇਜ਼ ਦੀ 8ਵੀਂ ਵਰ੍ਹੇਗੰਢ ਮਨਾਉਂਦੇ ਹੋਏ, ਬਹੁਤ ਸਾਰੇ ਵੱਖ-ਵੱਖ ਖੇਤਰਾਂ ਦੀਆਂ ਹਜ਼ਾਰਾਂ ਗਤੀਵਿਧੀਆਂ ਦੇ ਨਾਲ, ਇੱਕ ਤੋਂ ਦੂਜੇ ਤਟ, ਦੂਜੇ ਤੋਂ ਤੀਜੇ ਤਟ ਤੱਕ ਸੈਂਕੜੇ ਸ਼ਹਿਰਾਂ ਅਤੇ ਟਾਉਨਾਂ ਵਿੱਚ ਇਸਦਾ ਜਸ਼ਨ ਮਨਾਇਆ ਜਾਏਗਾ, ਗਤੀਵਿਧੀਆਂ ਵਿੱਚ ਸ਼ਾਮਲ ਹਨ: ਵਿਜੁਅਲ ਆਰਟਸ, ਸੰਗੀਤ, ਡਾਂਸ, ਥਿਏਟਰ, ਭਵਨ-ਨਿਰਮਾਣ ਕਲਾ, ਵਿਰਸਾ, ਫਿਲਮ ਅਤੇ ਵੀਡੀਓ, ਸਾਹਿਤ, ਭੋਜਨ ਬਣਾਉਣ ਸਬੰਧੀ ਕਲਾਵਾਂ ਅਤੇ ਨਵਾਂ ਮੀਡੀਆ।

ਲੱਖਾਂ ਕੈਨੇਡਾਵਾਸੀ ਹਜ਼ਾਰਾਂ ਮੁਫ਼ਤ ਗਤੀਵਿਧੀਆਂ ਅਤੇ ਪੂਰੇ ਕੈਨੇਡਾ ਦੇ ਕਲਾਕਾਰਾਂ, ਸੱਭਿਆਚਾਰਕ ਸੰਗਠਨਾਂ ਅਤੇ ਮਿਉਨਿਸਿਪਲਟੀਜ ਵੱਲੋਂ ਆਯੋਜਿਤ ਪੇਸ਼ਕਾਰੀਆਂ ਵਿੱਚ ਸ਼ਾਮਲ ਹੁੰਦੇ ਹਨ। ਨੁਨਾਵੁਟ (Nunavut) ਤੋਂ ਨਿਊ ਬ੍ਰਨਸਵਿਕ (New Brunswick) ਤੱਕ, ਅਤੇ ਬ੍ਰਿਟਿਸ਼ ਕੋਲੰਬੀਆ (British Columbia) ਤੋਂ ਬੈਫਿਨ ਆਈਲੈਂਡ (Baffin Island) ਤੱਕ – ਅਤੇ ਸਾਰੇ ਸਥਾਨਾਂ ਦੇ ਵਿਚਕਾਰ – ਅਸੀਂ ਪੂਰੀ ਪ੍ਰੇਰਨਾ, ਕਲਾਕਾਰੀ, ਰਚਨਾਤਮਕਤਾ ਅਤੇ ਅਭਿਵਿਅਕਤੀ ਨੂੰ ਸਾਂਝਾ ਕਰਦੇ ਹਾਂ, ਜੋ ਕੈਨੇਡਿਅਨ ਸੱਭਿਆਚਾਰ ਦੇ ਚਿੱਤਰ (ਮੋਜ਼ੇਕ) ਨੂੰ ਦਰਸਾਉਂਦਾ ਹੈ। ਸਤੰਬਰ ਦੇ ਆਖ਼ਰੀ ਸ਼ੁੱਕਰਵਾਰ ਤੋਂ ਸ਼ੁਰੂ ਕਰਦੇ ਹੋਏ ਤਿੰਨ ਦਿਨਾਂ ਦੇ ਜਸ਼ਨ ਵਿੱਚ ਕਲਚਰ ਡੇਜ਼ ਰਾਸ਼ਟਰੀ ਜਾਗਰੂਕਤਾ ਮੁਹਿੰਮ ਸਿਖਰ 'ਤੇ ਹੋਵੇਗੀ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਰਿਲੇਸ਼ਨਸ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca